Health Protection Scotland

NHS National Services Scotland

# ਗੈਰ-ਤੀਬਰ ਅਤੇ ਭਾਈਚਾਰਕ ਸਥਾਨਾਂ ਵਿੱਚ ਕਾਰਬਾਪੇਨੇਮੇਸ ਪੈਦਾ ਕਰਨ ਵਾਲੇ ਐਂਟਰੋਬੈਕਟੀਰੀਆਸੀਆ 'ਤੇ ਕਾਬੂ ਪਾਉਣ ਲਈ ਟੂਲਕਿੱਟ

## ਅੰਤਿਕਾ 3: ਸੂਚਨਾ ਕਿਤਾਬਚਾ

## ਘਰ ਵਿੱਚ ਜਾਂ ਭਾਈਚਾਰੇ ਵਿੱਚ ਦੇਖਭਾਲ ਕਰਵਾਉਣ ਵਾਲੇ ਉਹਨਾਂ ਵਿਅਕਤੀਆਂ ਲਈ ਸਲਾਹ ਜਿਨ੍ਹਾਂ ਨੂੰ ਕਾਰਬਾਪੇਨੇਮੇਸ ਪੈਦਾ ਕਰਨ ਵਾਲੇ ਐਂਟਰੋਬੈਕਟੀਰੀਆਸੀਆ (CPE) ਦੀ ਇਨਫੈਕਸ਼ਨ ਹੈ, ਜਾਂ ਇਸ ਦੁਆਰਾ ਕੋਲੋਨਾਈਜ਼ਡ ਹਨ

## ‘ਕਾਰਬਾਪੇਨੇਮੇਸ ਪੈਦਾ ਕਰਨ ਵਾਲੇ ਐਂਟਰੋਬੈਕਟੀਰੀਆਸੀਆ’ (Carbapenemase-Producing Enterobacteriaceae - CPE) ਕੀ ਹੁੰਦੇ ਹਨ?

ਹਰੇਕ ਸਧਾਰਨ, ਸਿਹਤਮੰਦ ਮਨੁੱਖ ਦੀ ਆਂਦਰ ਵਿੱਚ ਐਂਟਰੋਬੈਕਟੀਰੀਆਸੀਆ (Enterobacteriaceae) ਨਾਮਕ ਇੱਕ ਬੈਕਟੀਰੀਆ ਹੁੰਦੇ ਹਨ। ਜਦ ਇਹ ਆਂਦਰ ਵਿੱਚ ਹੁੰਦੇ ਹਨ, ਇਹ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਹਨ ਅਤੇ ਸਾਡਾ ਭੋਜਨ ਹਜ਼ਮ ਕਰਨ ਵਿੱਚ ਸਾਡੀ ਮਦਦ ਕਰਦੇ ਹਨ। ਇਸ ਨੂੰ ਕੋਲੋਨਾਈਜੇਸ਼ਨ (ਵਸਣਾ) ਕਿਹਾ ਜਾਂਦਾ ਹੈ। ਪਰ ਜੇ ਇਹ ਬੈਕਟੀਰੀਆ ਗਲਤ ਜਗ੍ਹਾ 'ਤੇ ਚਲੇ ਜਾਣ, ਜਿਵੇਂ ਕਿ ਮਸਾਨਾ ਜਾਂ ਖੂਨ ਦਾ ਪ੍ਰਵਾਹ, ਤਾਂ ਇਹਨਾਂ ਕਾਰਨ ਇਨਫੈਕਸਨ (ਲਾਗ) ਹੋ ਸਕਦੀ ਹੈ।

ਕਾਰਬਾਪੇਨੇਮੇਸ ਪੈਦਾ ਕਰਨ ਵਾਲੇ ਐਂਟਰੋਬੈਕਟੀਰੀਆਸੀਆ (Carbapenemase-Producing Enterobacteriaceae - CPE) ਇਹਨਾਂ ਐਂਟਰੋਬੈਕਟੀਰੀਆਸੀਆ ਦੀ ਇੱਕ ਕਿਸਮ ਹੁੰਦੇ ਹਨ। ਇਹਨਾਂ ਨੇ ਕਾਰਬਾਪੇਨੇਮਸ ਨਾਮਕ ਐਂਟੀਬਾਇਓਟਿਕ ਦਵਾਈਆਂ ਦੇ ਸ਼ਕਤੀਸ਼ਾਲੀ ਸਮੂਹ ਦੇ ਪ੍ਰਤੀ ਪ੍ਰਤਿਰੋਧ ਵਿਕਸਿਤ ਕਰ ਲਿਆ ਹੈ। ਕਾਰਬਾਪੇਨੇਮਸ ਐਂਟੀਬਾਇਓਟਿਕ ਦਵਾਈਆਂ ਦਾ ਮਹੱਤਵਪੂਰਨ ਸਮੂਹ ਹੈ ਜਿਸ 'ਤੇ ਡਾਕਟਰ ਅਕਸਰ ਇਨਫੈਕਸ਼ਨਾਂ ਦੇ ਨਾਲ ਲੜਨ ਲਈ ਭਰੋਸਾ ਕਰਦੇ ਹਨ ਜਦੋਂ ਦੂਜੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਇਲਾਜ ਅਸਫਲ ਹੋ ਜਾਂਦਾ ਹੈ। ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਹੋਸਪਿਟਲ ਵਿੱਚ CPE ਦੇ ਫੈਲਾਵ ਨੂੰ ਰੋਕੀਏ। ਇਸ ਨਾਲ ਯਕੀਨੀ ਬਣੇਗਾ ਕਿ ਇਹ ਐਂਟੀਬਾਇਓਟਿਕ ਦਵਾਈਆਂ ਭਵਿੱਖ ਵਿੱਚ ਇਨਫੈਕਸ਼ਨਾਂ ਦਾ ਇਲਾਜ ਕਰਨ ਲਈ ਉਪਲਬਧ ਰਹਿਣ

## ਕਾਰਬਾਪੇਨੇਮ ਪ੍ਰਤੀਰੋਧਕਤਾ ਮਹੱਤਵਪੂਰਨ ਕਿਉਂ ਹੈ?

ਕਾਰਬਾਪੇਨੇਮ ਐਂਟੀਬਾਇਓਟਿਕਸ ਸਿਰਫ ਹਸਪਤਾਲ ਅੰਦਰ ਸਿੱਧਾ ਖੂਨ ਦੇ ਵਹਾਓ ਵਿੱਚ ਦਿੱਤੇ ਜਾ ਸਕਦੇ ਹਨ। ਹੁਣ ਤੱਕ ਡਾਕਟਰਾਂ ਨੇ ਕੁਝ ‘ਮੁਸ਼ਲਿਕ’ ਇਨਫੈਕਸ਼ਨਾਂ ਦਾ ਸਫਲ ਇਲਾਜ ਕਰਨ ਲਈ ਉਹਨਾਂ 'ਤੇ ਭਰੋਸਾ ਕੀਤਾ ਹੈ ਜਦੋਂ ਹੋਰ ਐਂਟੀਬਾਇਓਟਿਕਸ ਅਜਿਹਾ ਕਰਨ ਵਿੱਚ ਅਸਫਲ ਰਹੇ ਹਨ। ਇਸ ਲਈ, ਕਿਸੇ ਹਸਪਤਾਲ ਜਾਂ ਹੋਰ ਦੇਖਭਾਲ ਸਹੂਲਤ ਵਿੱਚ, ਜਿੱਥੇ ਬਹੁਤ ਸਾਰੇ ਕਮਜ਼ੋਰ ਮਰੀਜ਼ ਹੁੰਦੇ ਹਨ, ਇਹਨਾਂ ਪ੍ਰਤੀਰੋਧਕ ਬੈਕਟੀਰੀਆ ਦੇ ਫੈਲਣ ਕਾਰਨ ਸਮੱਸਿਆਵਾਂ ਹੋ ਸਕਦੀਆਂ ਹਨ।

## ਕੀ CPE ਦੇ ਕੈਰੀਅਰ (ਜਿਸ ਵਿਅਕਤੀ ਵਿੱਚ ਇਹ ਹੈ) ਦਾ ਇਲਾਜ ਕਰਨ ਦੀ ਲੋੜ ਹੁੰਦੀ ਹੈ?

ਨਹੀਂ, ਆਮ ਤੌਰ ਤੇ ਨਹੀਂ। ਜਿਨ੍ਹਾਂ ਲੋਕਾਂ ਦੇ ਸਰੀਰ ਵਿੱਚ CPE ਹੁੰਦਾ ਹੈ ਉਹਨਾਂ ਦਾ ਇਲਾਜ ਕੀਤੇ ਜਾਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹ ਬੈਕਟੀਰੀਆ ਬਿਨਾਂ ਕੋਈ ਨੁਕਸਾਨ ਪਹੁੰਚਾਏ, ਕੋਈ ਸਮੱਸਿਆਵਾਂ ਪੈਦਾ ਕੀਤੇ ਬਿਨਾਂ ਆਂਦਰ ਵਿੱਚ ਰਹਿੰਦੇ ਹਨ। ਪਰ, ਜੇ ਤੁਹਾਨੂੰ CPE ਦੇ ਕਾਰਨ ਹੋਈ ਕੋਈ ਇਨਫੈਕਸ਼ਨ ਹੈ, ਤਾਂ ਇਸ ਦਾ ਇਲਾਜ ਕਰਨ ਲਈ ਤੁਹਾਨੂੰ ਐਂਟੀਬਾਇਓਟਿਕ ਦਵਾਈਆਂ ਦੀ ਲੋੜ ਹੋਵੇਗੀ। ਜੇ ਤੁਹਾਨੂੰ ਪੱਕੀ ਤਰ੍ਹਾਂ ਨਾਲ ਪਤਾ ਨਹੀਂ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਕੇਅਰ ਵਰਕਰ ਨੂੰ ਕਹੋ ਕਿ ਉਹ ਤੁਹਾਨੂੰ ਤੁਹਾਡੀ ਸਥਿਤੀ ਬਾਰੇ ਸਮਝਾਉਣ।

## CPE ਦੇ ਫੈਲਾਵ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

ਸਭ ਤੋਂ ਮਹੱਤਵਪੂਰਨ ਕੰਮ ਜੋ ਤੁਸੀਂ ਕਰ ਸਕਦੇ ਹੋ, ਉਹ ਹੈ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਣੇ, ਖਾਸ ਕਰਕੇ ਟੌਇਲਟ ਜਾਣ ਤੋਂ ਬਾਅਦ। ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਡਾਕਟਰੀ ਔਜਾਰਾਂ ਜਾਂ ਟਿਊਬਾਂ (ਜਿਵੇਂ ਕਿ ਤੁਹਾਡੇ ਪਿਸ਼ਾਬ ਦੀ ਕੈਥੇਟਰ ਟਿਊਬ ਜਾਂ ਹੋਰ ਡਾਕਟਰੀ ਟਿਊਬਾਂ ਜਾਂ ਲਾਈਨਾਂ) ਜੇ ਕੋਈ ਹਨ, ਨੂੰ ਛੂਹਣ ਤੋਂ ਪਹਿਲਾਂ ਤੁਹਾਡੇ ਹੱਥ ਸਾਫ ਹੋਣ, ਖਾਸ ਕਰਕੇ ਉਸ ਜਗ੍ਹਾ 'ਤੇ ਜਿੱਥੇ ਇਸ ਨੂੰ ਤੁਹਾਡੇ ਸਰੀਰ ਜਾਂ ਚਮੜੀ ਵਿੱਚ ਦਾਖਲ ਕੀਤਾ ਜਾਂਦਾ ਹੈ।

ਜੇ ਤੁਸੀਂ ਆਪਣੇ ਹੀ ਘਰ ਵਿੱਚ ਦੇਖਭਾਲ ਕਰਵਾ ਰਹੇ ਹੋ, ਤਾਂ ਤੁਹਾਨੂੰ ਕਿਸੇ ਵੀ ਤਰ੍ਹਾਂ ਨਾਲ ਆਪਣੀ ਜੀਵਨਸ਼ੈਲੀ 'ਤੇ ਰੋਕ ਨਹੀਂ ਲਗਾਉਣੀ ਚਾਹੀਦੀ; ਪਰ ਕੁਝ ਕੁ ਸਿਆਣਪ ਭਰੇ ਉਪਾਅ ਹੋਰਨਾਂ ਤੱਕ ਫੈਲਾਵ ਨੂੰ ਰੋਕਣਗੇ। ਇਸ ਤੋਂ ਇਲਾਵਾ ਹੱਥਾਂ ਦੀ ਪ੍ਰਭਾਵਸ਼ਾਲੀ ਸਵੱਛਤਾ, ਟੌਇਲਟ ਅਤੇ ਬਾਥਰੂਮ ਵਾਲੇ ਖੇਤਰਾਂ ਨੂੰ ਸਾਫ ਰੱਖਣਾ, ਅਤੇ ਵੱਖਰੇ ਤੌਲੀਏ ਵਰਤਣੇ, ਫੈਲਾਵ ਰੋਕਣ ਦੇ ਬਿਹਤਰੀਨ ਤਰੀਕੇ ਹਨ। ਬਿਸਤਰੇ ਦੀਆਂ ਚਾਦਰਾਂ, ਕੱਪੜੇ ਅਤੇ ਹੋਰ ਲਾਂਡਰੀ ਨੂੰ ਆਮ ਵਾਂਗ ਧੋਇਆ ਜਾ ਸਕਦਾ ਹੈ।

ਜੇ ਤੁਹਾਨੂੰ ਹਸਪਤਾਲ ਵਿੱਚ ਜਾਂ ਕਿਸੇ ਹੋਰ ਸਿਹਤ-ਸੰਭਾਲ ਮਾਹੌਲ ਵਿੱਚ ਜਾਣ ਦੀ ਲੋੜ ਹੋਵੇ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਤੁਹਾਡੀ ਦੇਖਭਾਲ ਕਰਨ ਵਾਲੇ ਸਟਾਫ ਨੂੰ ਦੱਸੋ ਕਿ ਤੁਹਾਨੂੰ CPE ਦੀ ਇਨਫੈਕਸ਼ਨ ਹੋਈ ਹੈ, ਜਾਂ ਇਸ ਦੁਆਰਾ ਕੋਲੋਨਾਈਜ਼ਡ ਹੋ, ਜਾਂ ਅਤੀਤ ਵਿੱਚ ਇਸ ਤਰ੍ਹਾਂ ਹੋਇਆ ਸੀ। ਇਸ ਨਾਲ ਇਹ ਯਕੀਨੀ ਬਣੇਗਾ ਕਿ ਤੁਹਾਨੂੰ ਆਪਣੀ ਲੋੜ ਦੀ ਬਿਹਤਰੀਨ ਦੇਖਭਾਲ ਮਿਲੇਗੀ।

ਤੁਹਾਨੂੰ ਇਹ ਆਸ ਕਰਨੀ ਚਾਹੀਦੀ ਹੈ ਕਿ ਕੋਈ ਵੀ ਦੇਖਭਾਲ ਵਰਕਰ, ਜਿਹਨਾਂ ਨੂੰ ਤੁਹਾਡੇ ਕੋਲ ਆਉਣ ਦੀ ਲੋੜ ਹੁੰਦੀ ਹੈ, ਪਹੁੰਚਣ 'ਤੇ, ਸਿੱਧੀ ਦੇਖਭਾਲ ਮੁਹੱਈਆ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ, ਅਤੇ ਰਵਾਨਾ ਹੋਣ ਸਮੇਂ ਆਪਣੇ ਹੱਥ ਸਾਫ ਕਰਨਗੇ। ਹੋਰਨਾਂ ਕਮਜ਼ੋਰ ਮਰੀਜ਼ਾਂ, ਜਿਹਨਾਂ ਕੋਲ ਉਹ ਇਸ ਤੋਂ ਬਾਅਦ ਜਾਣਗੇ, ਤੱਕ CPE ਦੇ ਫੈਲਾਵ ਨੂੰ ਰੋਕਣ ਲਈ ਕੇਅਰ ਵਰਕਰ ਵਰਤ ਕੇ ਸੁੱਟ ਦਿੱਤੇ ਜਾਣ ਵਾਲੇ ਐਪਰਨ ਅਤੇ ਦਸਤਾਨੇ ਪਹਿਨਣਗੇ।

## ਮੇਰੇ ਪਰਿਵਾਰ ਅਤੇ ਮੁਲਾਕਾਤੀਆਂ ਬਾਰੇ ਕੀ ਵਿਚਾਰ ਹੈ?

ਜਦੋਂ ਤੱਕ ਸਾਫ-ਸਫਾਈ ਉਪਾਅ ਢੁਕਵੇਂ ਹੋਣ, ਤੁਹਾਨੂੰ ਮੁਲਾਕਾਤੀਆਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਤੁਹਾਡੇ ਅੰਦਰ CPE ਹੈ ਜਾਂ ਤੁਹਾਨੂੰ ਇਨਫੈਕਸ਼ਨ ਹੈ। ਜੇ ਤੁਹਾਨੂੰ ਕੋਈ ਇਨਫੈਕਸ਼ਨ ਹੈ, ਤਾਂ ਆਪਣੇ ਹੈਲਥਕੇਅਰ ਵਰਕਰ ਨਾਲ ਕੰਮ ਕਰਕੇ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਮਿਸਾਲ ਲਈ, ਜ਼ਖਮਾਂ ਵਿੱਚੋਂ ਹੁੰਦੇ ਕਿਸੇ ਵੀ ਰਿਸਾਵ, ਨੂੰ ਢੁਕਵੀਂ ਪੱਟੀਆਂ ਦੇ ਅੰਦਰ ਹੀ ਰੋਕਿਆ ਜਾਂਦਾ ਹੈ ਤਾਂ ਜੋ ਕੱਪੜਿਆਂ ਜਾਂ ਨਰਮ ਸਜਾਵਟੀ ਸਮਾਨ ਦੇ ਦੂਸ਼ਣ ਨੂੰ ਰੋਕਿਆ ਜਾ ਸਕੇ। ਪਰਿਵਾਰਕ ਦੇਖਭਾਲਕਰਤਾ ਨੂੰ ਦਸਤਾਨੇ ਅਤੇ ਐਪਰਨ ਪਹਿਨਣ ਦੀ ਲੋੜ ਨਹੀਂ ਹੁੰਦੀ। ਜੇ ਕੋਈ ਰਿਸ਼ਤੇਦਾਰ ਜਾਂ ਦੋਸਤ ਘਰ ਵਿੱਚ ਤੁਹਾਡੀ ਦੇਖਭਾਲ ਵਿੱਚ ਮਦਦ ਕਰ ਰਿਹਾ/ਰਹੀ ਹੈ, ਤਾਂ ਇਹ ਜ਼ਰੂਰੀ ਹੈ ਕਿ ਉਹ ਤੁਹਾਡੀ ਦੇਖਭਾਲ ਕਰਨ ਤੋਂ ਪਹਿਲਾਂ ਅਤੇ ਬਾਅਦ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਣ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇ ਤੁਹਾਡੀਆਂ ਕੋਈ ਚਿੰਤਾਵਾਂ ਜਾਂ ਪ੍ਰਸ਼ਨ ਹਨ ਤਾਂ ਤੁਸੀਂ ਆਪਣੇ ਹੈਲਥਕੇਅਰ ਵਰਕਰ ਨਾਲ ਗੱਲ ਕਰ ਸਕਦੇ ਹੋ ਜਾਂ ਸਲਾਹ ਲਈ ਆਪਣੇ GP ਨੂੰ ਸੰਪਰਕ ਕਰ ਸਕਦੇ ਹੋ। ਬਦਲ ਦੇ ਤੌਰ 'ਤੇ ਹੋਰ ਜਾਣਕਾਰੀ ਕਾਰਬਾਪੇਨੇਮੇਸ ਪੈਦਾ ਕਰਨ ਵਾਲੇ ਐਂਟਰੋਬੈਕਟੀਰੀਆਸੀਆ (CPE) ਲਈ ਮਰੀਜ਼ਾਂ ਦੀ ਸਕ੍ਰੀਨਿੰਗ ਬਾਰੇ HPS ਕਿਤਾਬਚਾ - ਹੈਲਥਕੇਅਰ ਵਰਕਰਾਂ ਅਤੇ ਮਰੀਜ਼ਾਂ ਲਈ ਪੁਸਤਿਕਾ
http://www.hps.scot.nhs.uk/guidelines/detail.aspx?id=1661 ਵਿੱਚ ਮਿਲ ਸਕਦੀ ਹੈ

ਜੇ ਤੁਹਾਨੂੰ ਇਹ ਕਿਤਾਬਚਾ ਹੋਰ ਭਾਸ਼ਾਵਾਂ ਵਿੱਚ ਚਾਹੀਦਾ ਹੈ ਤਾਂ ਕਿਰਪਾ ਕਰਕੇ HPS ਇਸ ਈਮੇਲ ਪਤੇ 'ਤੇ ਸੰਪਰਕ ਕਰੋ: NSS.HPSInfectionControl@nhs.net